# Official Visit of the External Affairs Minister to Brazil, Paraguay and Argentina (August 22-27, 2022)

August 19, 2022

## ਵਿਦੇਸ਼ ਮੰਤਰੀ ਦੀ ਬ੍ਰਾਜ਼ੀਲ, ਪੈਰਾਗੁਏ ਅਤੇ ਅਰਜਨਟੀਨਾ ਦੀ ਅਧਿਕਾਰਤ ਫੇਰੀ (22-27 ਅਗਸਤ, 2022)

**19 ਅਗਸਤ, 2022**

ਵਿਦੇਸ਼ ਮੰਤਰੀ (EAM) ਡਾ. ਐੱਸ. ਜੈਸ਼ੰਕਰ 22-27 ਅਗਸਤ 2022 ਤੱਕ ਬ੍ਰਾਜ਼ੀਲ, ਪੈਰਾਗੁਏ ਅਤੇ ਅਰਜਨਟੀਨਾ ਦੀ ਅਧਿਕਾਰਤ ਫੇਰੀ ਕਰਨਗੇ। ਇਹ ਦੱਖਣ ਅਮਰੀਕੀ ਖੇਤਰ ਵਿੱਚ ਵਿਦੇਸ਼ ਮੰਤਰੀ ਦੀ ਪਹਿਲੀ ਯਾਤਰਾ ਹੋਵੇਗੀ। ਇਸ ਫੇਰੀ ਦੌਰਾਨ ਆਪਣੇ ਹਮਰੁਤਬਾਵਾਂ ਨਾਲ ਦੁਵੱਲੀਆਂ ਮੁਲਾਕਾਤਾਂ ਤੋਂ ਛੁੱਟ ਵਿਦੇਸ਼ ਮੰਤਰੀ ਤਿੰਨਾਂ ਦੇਸ਼ਾਂ ਦੇ ਸਿਖਰ ਲੀਡਰਾਂ ਨਾਲ ਮੁਲਾਕਾਤ ਕਰਨਗੇ।

ਵਿਦੇਸ਼ ਮੰਤਰੀ ਪੈਰਾਗੁਏ ਵਿੱਚ ਨਵੇਂ ਖੁੱਲੇ ਭਾਰਤੀ ਦੂਤਾਵਾਸ , ਜਿਸ ਨੇ ਜਨਵਰੀ, 2022 ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ, ਦੀ ਇਮਾਰਤ ਦਾ ਉਦਘਾਟਨ ਵੀ ਕਰਨਗੇ। ਇਹ ਕਿਸੇ ਭਾਰਤੀ ਵਿਦੇਸ਼ ਮੰਤਰੀ ਵੱਲੋਂ ਇਸ ਦੇਸ਼ ਦੀ ਪਹਿਲੀ ਫੇਰੀ ਹੋਵੇਗੀ।

ਵਿਦੇਸ਼ ਮੰਤਰੀ ਬ੍ਰਾਜ਼ੀਲ ਅਤੇ ਅਰਜਨਟੀਨਾ ਵਿੱਚ ਆਪਣੇ ਹਮਰੁਤਬਾ ਨਾਲ ਸਾਂਝਾ ਕਮਿਸ਼ਨ ਦੀ ਬੈਠਕ (JCM) ਦੀ ਸਹਿ-ਪ੍ਰਧਾਨਗੀ ਕਰਨਗੇ । JCM ਦੌਰਾਨ ਵੱਖ -ਵੱਖ ਖੇਤਰਾਂ ਵਿੱਚ ਸਮੁੱਚੇ ਦੁਵੱਲੇ ਸਬੰਧਾਂ ਦੀ ਸਮੀਖਿਆ ਹੋਵੇਗੀ ਅਤੇ ਸਾਂਝੇ ਹਿੱਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਚਰਚਾ ਹੋਵੇਗੀ। ਅਰਜਨਟੀਨਾ ਅਤੇ ਬ੍ਰਾਜ਼ੀਲ ਭਾਰਤ ਦੇ ਰਣਨੀਤਕ ਭਾਈਵਾਲ ਹਨ। ਇਸ ਤੋਂ ਛੁੱਟ ਵਿਦੇਸ਼ ਮੰਤਰੀ ਇਿਹਨਾਂ ਦੇਸ਼ਾਂ ਵਿੱਚ ਵਪਾਰਕ ਨੇਤਾਵਾਂ ਅਤੇ ਭਾਰਤੀ ਭਾਈਚਾਰੇ ਨਾਲ ਵੀ ਗੱਲਬਾਤ ਕਰਨਗੇ । ਬ੍ਰਾਜ਼ੀਲ ਵਿੱਚ ਉਹ ਰੀਓ ਬ੍ਰਾਂਕੋ ਇੰਸਟੀਚਿਊਟ (ਬ੍ਰਾਜ਼ੀਲੀਅਨ ਡਿਪਲੋਮੈਟਿਕ ਅਕੈਡਮੀ) ਵਿੱਚ ਇੱਕ ਭਾਸ਼ਣ ਵੀ ਦੇਣਗੇ।

ਵਿਦੇਸ਼ ਮੰਤਰੀ ਵੱਲੋਂ ਕੀਤੀ ਜਾਣ ਵਾਲੀ ਇਿਹਨਾਂ 3 ਦੇਸ਼ਾਂ ਦੀ ਯਾਤਰਾ ਨਾਲ LAC ਵਿੱਚ ਸਾਡੇ ਭਾਈਵਾਲਾਂ ਨਾਲ ਚੱਲ ਰਹੇ ਉੱਚ-ਪੱਧਰੀ ਜੁੜਾਅ ਨੂੰ ਜਾਰੀ ਰੱਖਣ, ਮਹਾਂਮਾਰੀ ਤੋਂ ਬਾਅਦ ਦੇ ਯੁੱਗ ਵਿੱਚ ਸਹਿਯੋਗ ਦੇ ਨਵੇਂ ਖੇਤਰਾਂ ਦੀ ਪੜਚੋਲ ਕਰਨ, ਅਤੇ ਦੁਵੱਲੇ ਅਤੇ ਅੰਤਰਰਾਸ਼ਟਰੀ ਮਹੱਤਵ ਦੇ ਮੁੱਦਿਆਂ 'ਤੇ ਵਿਚਾਰ- ਵਟਾਂਦਰੇ ਕਰਨ ਦਾ ਮੌਕਾ ਮਿਲੇਗਾ।

ਨਵੀਂ ਦਿੱਲੀ

19 ਅਗਸਤ, 2022

DISCLAIMER: This is an approximate translation. The original is available in English on MEA's website and may be referred to as the official press release.